**ਆਮ ਪੁੱਛੇ ਜਾਣ ਵਾਲੇ ਪ੍ਰਸ਼ਨ: ਜਵਾਬ ਨਾ ਦੇਣ ਵਾਲਿਆਂ ਲਈ ਪੈਰਵਾਈ (Nonresponse Follow-up)**

**ਜਨਗਣਨਾ ਦਾ ਜਵਾਬ ਨਾ ਦੇਣ ਵਾਲਿਆਂ ਲਈ ਪੈਰਵਾਈ (Census Nonresponse Follow-up, NRFU, ਜਾਂ "ਨੇਰ-ਫੂ") ਕੀ ਹੈ?**

- ਹੁਣ ਤੱਕ, ਲੋਕ ਜਨਗਣਨਾ ਨੂੰ ਔਨਲਾਈਨ, ਡਾਕ ਰਾਹੀਂ, ਜਾਂ ਫ਼ੋਨ ਦੁਆਰਾ ਪੂਰੀ ਕਰਦੇ ਆ ਰਹੇ ਹਨ।
- ਜਨਗਣਨਾ ਦਾ ਜਵਾਬ ਨਾ ਦੇਣ ਵਾਲਿਆਂ ਲਈ ਪੈਰਵਾਈ (NRFU) ਓਦੋਂ ਹੁੰਦੀ ਹੈ ਜਦ ਜਨਗਣਨਾ ਕਰਨ ਵਾਲੇ ਉਹਨਾਂ ਘਰਾਂ ਵਿੱਚ ਜਾਂਦੇ ਹਨ ਜਿਨ੍ਹਾਂ ਨੇ ਅਜੇ ਜਨਗਣਨਾ ਪੂਰੀ ਨਹੀਂ ਕੀਤੀ।

**ਜਨਗਣਨਾ ਦਾ ਜਵਾਬ ਨਾ ਦੇਣ ਵਾਲਿਆਂ ਲਈ ਪੈਰਵਾਈ ਕਦੋਂ ਸ਼ੁਰੂ ਹੁੰਦੀ ਹੈ, ਅਤੇ ਇਹ ਖਤਮ ਕਦੋਂ ਹੁੰਦੀ ਹੈ?**

- ਜਨਗਣਨਾ ਦਾ ਜਵਾਬ ਨਾ ਦੇਣ ਵਾਲਿਆਂ ਲਈ ਪੈਰਵਾਈ ਨਿਊ ਯਾਰਕ ਸ਼ਹਿਰ ਵਿੱਚ 6 ਅਗਸਤ ਤੋਂ ਸ਼ੁਰੂ ਹੋਵੇਗੀ।
- ਆਪਰੇਸ਼ਨ ਦਾ ਜ਼ਿਆਦਾਤਰ ਭਾਗ 11 ਅਗਸਤ, 2020 ਤੋਂ ਸ਼ੁਰੂ ਹੋਵੇਗਾ।
- ਆਪਰੇਸ਼ਨ ਹਾਲ ਦੀ ਘੜੀ 30 ਸਤੰਬਰ ਨੂੰ ਖਤਮ ਹੋਵੇਗਾ।

**ਇਸ ਸਾਲ NRFU ਏਨੀ ਲੇਟ ਕਿਉਂ ਸ਼ੁਰੂ ਹੋ ਰਹੀ ਹੈ?**

- COVID-19 ਦੇ ਕਰਕੇ ਸੰਯੁਕਤ ਰਾਜ ਜਨਗਣਨਾ ਬਿਊਰੋ (US Census Bureau) ਨੂੰ ਪ੍ਰਕਿਰਿਆ ਵਿੱਚ ਦੇਰੀ ਕਰਨੀ ਪਈ। NRFU ਦੀ ਸ਼ੁਰੂਆਤ ਨੂੰ ਮੱਧ-ਮਈ ਤੋਂ ਬਦਲਕੇ ਮੱਧ-ਅਗਸਤ ਕਰ ਦਿੱਤਾ ਗਿਆ ਸੀ।
- ਉਸ ਸਮਾਂ ਮਿਆਦ ਦੀ ਸਮਾਪਤੀ ਜਦੋਂ ਤੁਸੀਂ ਅਜੇ ਵੀ ਔਨਲਾਈਨ, ਫ਼ੋਨ ਦੁਆਰਾ, ਜਾਂ ਡਾਕ ਰਾਹੀਂ ਜਵਾਬ ਦੇ ਸਕਦੇ ਹੋ, ਨੂੰ ਵੀ ਵਧਾਕੇ 31 ਜੁਲਾਈ ਤੋਂ 30 ਸਤੰਬਰ, 2020 ਕਰ ਦਿੱਤਾ ਗਿਆ ਹੈ।

**ਕੀ NRFU ਦੇ ਸ਼ੁਰੂ ਹੋਣ ਦੇ ਬਾਅਦ ਵੀ ਮੈਂ ਜਨਗਣਨਾ ਫਾਰਮ ਭਰ ਸਕਦਾ/ਦੀ ਹਾਂ?**

- ਹਾਂ, NRFU ਦੇ ਦੌਰਾਨ ਤੁਸੀਂ ਅਜੇ ਵੀ ਜਨਗਣਨਾ ਦਾ ਜਵਾਬ ਖੁਦ ਔਨਲਾਈਨ My2020Census.gov 'ਤੇ, ਫ਼ੋਨ ਦੁਆਰਾ 1-844-330-2020 'ਤੇ ਜਾਂ ਡਾਕ ਰਾਹੀਂ ਦੇ ਸਕਦੇ ਹੋ।
- ਅਸਲ ਵਿੱਚ, ਸਾਰੇ ਨਿਊ ਯਾਰਕ ਵਾਸੀਆਂ ਨੂੰ ਹੁਣੇ ਖੁਦ ਜਵਾਬ ਦੇਣਾ ਚਾਹੀਦਾ ਹੈ।

**ਜੇ ਮੈਂ ਨਹੀਂ ਚਾਹੁੰਦਾ/ਦੀ ਕਿ ਕੋਈ ਜਨਗਣਨਾ ਕਰਨ ਵਾਲਾ ਮੇਰੇ ਘਰ ਆਏ ਤਾਂ ਕੀ?**

- ਜੇ ਤੁਸੀਂ ਨਹੀਂ ਚਾਹੁੰਦੇ ਕਿ ਕੋਈ ਜਨਗਣਨਾ ਕਰਨ ਵਾਲਾ ਤੁਹਾਡੇ ਦਰਵਾਜ਼ੇ 'ਤੇ ਦਸਤਕ ਦੇਵੇ, ਤਾਂ ਤੁਹਾਨੂੰ 11 ਅਗਸਤ ਤੋਂ ਪਹਿਲਾਂ ਜਨਗਣਨਾ ਨੂੰ ਔਨਲਾਈਨ, ਫ਼ੋਨ ਦੁਆਰਾ, ਜਾਂ ਡਾਕ ਰਾਹੀਂ ਪੂਰਾ ਕਰ ਦੇਣਾ ਚਾਹੀਦਾ ਹੈ।
- ਜੇ ਤੁਸੀਂ ਸੰਪੂਰਨ ਤੌਰ 'ਤੇ ਅਤੇ ਸਟੀਕ ਤਰੀਕੇ ਨਾਲ ਖੁਦ ਜਵਾਬ ਦੇ ਦਿੰਦੇ ਹੋ, ਤਾਂ ਸੰਭਵ ਤੌਰ 'ਤੇ NRFU ਦੌਰਾਨ ਤੁਹਾਨੂੰ ਆਪਣੇ ਦਰਵਾਜ਼ੇ 'ਤੇ ਦਸਤਕ ਪ੍ਰਾਪਤ ਨਹੀਂ ਹੋਵੇਗੀ।

**ਜੇ COVID-19 ਕਰਕੇ ਕਿਸੇ ਨਾਲ ਆਹਮਣੇ-ਸਾਹਮਣੇ ਗੱਲ ਕਰਨ ਸੰਬੰਧੀ ਮੈਨੂੰ ਕੋਈ ਸ਼ੰਕੇ ਹੋਣ ਤਾਂ ਕੀ?**

- ਜੇ ਤੁਸੀਂ ਨਹੀਂ ਚਾਹੁੰਦੇ ਕਿ ਆਹਮਣੇ-ਸਾਹਮਣੇ ਇੰਟਰਵਿਊ ਹੋਵੇ, ਤਾਂ ਇਸਨੂੰ ਫ਼ੋਨ ਉੱਤੇ ਪੂਰਾ ਕਰਨ ਲਈ ਤੁਸੀਂ ਜਨਗਣਨਾ ਕਰਨ ਵਾਲੇ ਨੂੰ ਆਪਣਾ ਫ਼ੋਨ ਨੰਬਰ ਦੇ ਸਕਦੇ ਹੋ।
- ਜਨਗਣਨਾ ਵਾਸਤੇ ਸਾਰੇ ਜਵਾਬ ਪੂਰੀ ਤਰ੍ਹਾਂ ਗੁਪਤ ਹੁੰਦੇ ਹਨ ਅਤੇ ਸੰਘੀ ਕਨੂੰਨ ਦੁਆਰਾ ਇਹਨਾਂ ਦੀ ਰੱਖਿਆ ਕੀਤੀ ਜਾਂਦੀ ਹੈ।
- ਜਨਗਣਨਾ ਕਰਨ ਵਾਲਾ ਅਤੇ ਜਨਗਣਨਾ ਬਿਊਰੋ ਤੁਹਾਡੇ ਜਵਾਬਾਂ ਨੂੰ ਕਿਸੇ ਨਾਲ ਸਾਂਝੇ ਨਹੀਂ ਕਰ ਸਕਦੇ – ਇਮੀਗ੍ਰੇਸ਼ਨ ਵਿਭਾਗ ਨਾਲ ਨਹੀਂ; ਪੁਲਿਸ ਨਾਲ ਨਹੀਂ; ਤੁਹਾਡੇ ਮਕਾਨ-ਮਾਲਕ ਨਾਲ ਨਹੀਂ; ਏਥੋਂ ਤੱਕ ਕਿ ਨਿਊ ਯਾਰਕ ਸ਼ਹਿਰ ਪ੍ਰਸ਼ਾਸ਼ਨ ਨਾਲ ਵੀ ਨਹੀਂ।

**ਜਨਗਣਨਾ ਕਰਨ ਵਾਲੇ ਇਹ ਯਕੀਨੀ ਕਿਵੇਂ ਬਣਾਉਣਗੇ ਕਿ ਉਹ ਭਾਈਚਾਰਿਆਂ ਨੂੰ COVID-19 ਦੇ ਜੋਖ਼ਮ ਵਿੱਚ ਨਹੀਂ ਪਾ ਰਹੇ?**

- ਜਨਗਣਨਾ ਕਰਨ ਵਾਲੇ ਸਾਰੇ ਲੋਕਾਂ ਆਲੇ-ਦੁਆਲੇ ਵਿੱਚ ਆਪਣਾ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਸਮਾਜਕ ਦੂਰੀ ਬਣਾਈ ਰੱਖਣ ਅਤੇ ਹੋਰ ਸਿਹਤ ਅਤੇ ਸੁਰੱਖਿਆ ਪ੍ਰੋਟੋਕੋਲਾਂ ਬਾਰੇ ਸਿਖਲਾਈ ਲੈਣੀ ਪੈਣੀ ਹੈ। ਵਿਸ਼ੇਸ਼ ਕਰਕੇ, ਜਨਗਣਨਾ ਕਰਨ ਵਾਲਿਆਂ ਨੂੰ ਨਿਮਨਲਿਖਤ ਦੀ ਸਿਖਲਾਈ ਦਿੱਤੀ ਜਾਵੇਗੀ:
    - ਹਮੇਸ਼ਾਂ ਮਾਸਕ (mask) ਪਹਿਨਣਾ
    - ਕਦੇ ਵੀ ਤੁਹਾਡੇ ਘਰ ਅੰਦਰ ਦਾਖਲ ਨਾ ਹੋਣਾ
    - ਇੰਟਰਵਿਊਆਂ ਕਰਦੇ ਸਮੇਂ 6 ਫੁੱਟ ਦੂਰ ਰਹਿਣਾ
    - ਸਾਫ਼-ਸਫ਼ਾਈ ਸੰਬੰਧੀ ਸਿਹਤਮੰਦ ਆਦਤਾਂ ਦੀ ਪਾਲਣਾ ਕਰਨਾ, ਜਿਵੇਂ ਕਿ ਅਕਸਰ ਹੱਥ-ਧੋਣਾ
    - ਉਹਨਾਂ ਸਾਰਿਆਂ ਨੂੰ ਹੈਂਡ ਸੈਨੀਟਾਈਜ਼ਰ ਦਿੱਤੇ ਜਾਣਗੇ
    - ਜੇ ਉਹ ਬਿਮਾਰ ਮਹਿਸੂਸ ਕਰਦੇ ਹਨ ਤਾਂ ਉਹ ਕੰਮ ਤੋਂ ਛੁੱਟੀ ਕਰਕੇ ਘਰੇ ਰਹਿਣਗੇ

**ਜੇ ਜਨਗਣਨਾ ਕਰਨ ਵਾਲਾ ਮੇਰੇ ਘਰ ਦੀ ਭਾਸ਼ਾ ਨਹੀਂ ਬੋਲਦਾ ਤਾਂ ਕੀ?**

- ਜੇ ਜਨਗਣਨਾ ਕਰਨ ਵਾਲਾ ਤੁਹਾਡੀ ਭਾਸ਼ਾ ਨਹੀਂ ਬੋਲਦਾ, ਤਾਂ ਤੁਸੀਂ ਆਪਣੀ ਭਾਸ਼ਾ ਬੋਲਣ ਵਾਲੇ ਕਿਸੇ ਜਨਗਣਨਾ ਕਰਨ ਵਾਲੇ ਨਾਲ ਇੱਕ ਹੋਰ ਮੁਲਾਕਾਤ ਵਾਸਤੇ ਬੇਨਤੀ ਕਰ ਸਕਦੇ ਹੋ।
- ਜਨਗਣਨਾ ਕਰਨ ਵਾਲਿਆਂ ਕੋਲ ਤੁਹਾਡੇ ਘਰ ਦੀ ਭਾਸ਼ਾ ਦੀ ਪਛਾਣ ਕਰਨ ਵਿੱਚ ਮਦਦ ਕਰਨ ਵਾਲੀਆਂ ਸਮੱਗਰੀਆਂ ਵੀ ਹੋਣਗੀਆਂ।
    - ਉਦਾਹਰਨ ਲਈ, ਤੁਸੀਂ ਇੱਕ ਕਾਰਡ ਉੱਤੇ ਭਾਸ਼ਾ ਵੱਲ ਇਸ਼ਾਰਾ ਕਰਨ ਦੇ ਯੋਗ ਹੋਵੋਂਗੇ ਤਾਂ ਜੋ ਜਨਗਣਨਾ ਕਰਨ ਵਾਲੇ ਨੂੰ ਤੁਹਾਡੇ ਵੱਲੋਂ ਬੋਲੀ ਜਾਂਦੀ ਭਾਸ਼ਾ ਦੱਸੀ ਜਾ ਸਕੇ।
- 2020 ਦੀ ਜਨਗਣਨਾ ਪੂਰੀ ਕਰਨ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ, 59 ਗੈਰ-ਅੰਗਰੇਜ਼ੀ ਭਾਸ਼ਾਵਾਂ ਵਿੱਚ ਭਾਸ਼ਾ ਗਾਈਡਾਂ ਅਤੇ ਵੀਡੀਓ ਔਨਲਾਈਨ ਉਪਲਬਧ ਹਨ, ਜਿਨ੍ਹਾਂ ਵਿੱਚ ਅਮਰੀਕਨ ਸੰਕੇਤਕ ਭਾਸ਼ਾ (American Sign Language) ਅਤੇ ਬ੍ਰੇਲ ਲਿਪੀ ਅਤੇ ਵੱਡਾ ਪ੍ਰਿੰਟ ਵੀ ਸ਼ਾਮਲ ਹਨ। https://2020census.gov/en/languages.html
- ਜਨਗਣਨਾ ਪ੍ਰਸ਼ਨਾਵਲੀ ਸਹਾਇਤਾ ਕੇਂਦਰਾਂ ਵਿੱਚ ਅਜਿਹਾ ਅਮਲਾ ਹੈ ਜੋ 13 ਭਾਸ਼ਾਵਾਂ ਵਿੱਚ ਮਦਦ ਕਰ ਸਕਦਾ ਹੈ। https://2020census.gov/en/contact-us.html

**ਸੰਯੁਕਤ ਰਾਜ ਜਨਗਣਨਾ ਬਿਊਰੋ (U.S. Census Bureau) ਦੇ ਵਰਕਰ ਦੀ ਪਛਾਣ ਮੈਂ ਕਿਵੇਂ ਕਰ ਸਕਦਾ/ਦੀ ਹਾਂ?**

- ਜੇ ਕੋਈ ਜਨਗਣਨਾ ਕਰਨ ਵਾਲਾ ਤੁਹਾਡੇ ਘਰ ਆਉਂਦਾ ਹੈ, ਤਾਂ ਪਹਿਲਾਂ ਇਹ ਯਕੀਨੀ ਬਣਾਉਣ ਲਈ ਜਾਂਚ ਕਰੋ ਕਿ ਉਹਨਾਂ ਕੋਲ ਆਪਣੀ ਫ਼ੋਟੋ ਵਾਲਾ ਇੱਕ ਵੈਧ ਸ਼ਨਾਖਤੀ ਬੈਜ ਹੋਵੇ, ਜਿਸ ਉੱਤੇ ਯੂ.ਐੱਸ. ਡਿਪਾਰਟਮੈਂਟ ਆਫ ਕਮਰਸ (U.S. Department of Commerce) ਦਾ ਵਾਟਰਮਾਰਕ, ਅਤੇ ਮਿਆਦ ਸਮਾਪਤੀ ਦੀ ਤਾਰੀਖ਼ ਹੋਵੇਗੀ।
- ਤੁਸੀਂ ਜਨਗਣਨਾ ਬਿਊਰੋ ਦੇ ਕਿਸੇ ਪ੍ਰਤੀਨਿਧ ਨਾਲ ਗੱਲ ਕਰਨ ਲਈ 212-882-7100 'ਤੇ ਕਾਲ ਵੀ ਕਰ ਸਕਦੇ ਹੋ ਅਤੇ ਤੁਹਾਡੇ ਦਰਵਾਜ਼ੇ 'ਤੇ ਖੜ੍ਹੇ ਵਿਅਕਤੀ ਦੀ ਸ਼ਨਾਖਤ ਕਰ ਸਕਦੇ ਹੋ।
- ਜੇ ਤੁਸੀਂ ਜਨਗਣਨਾ ਦਾ ਜਵਾਬ ਖੁਦ ਪੂਰੀ ਤਰ੍ਹਾਂ ਅਤੇ ਸਟੀਕ ਤਰੀਕੇ ਨਾਲ ਦਿੰਦੇ ਹੋ ਤਾਂ ਤੁਸੀਂ ਆਪਣੇ ਘਰ ਕਿਸੇ ਜਨਗਣਨਾ ਕਰਨ ਵਾਲੇ ਦੀ ਫੇਰੀ ਦੀ ਸੰਭਾਵਨਾ ਘਟਾ ਦਿੰਦੇ ਹੋ।
- ਜਨਗਣਨਾ ਕਰਨ ਵਾਲਿਆਂ ਬਾਰੇ ਹੋਰ ਜਾਣਨ ਲਈ ਅਤੇ ਇਹ ਜਾਣਨ ਲਈ ਕਿ ਉਹਨਾਂ ਦੀ ਸ਼ਨਾਖਤ ਕਿਵੇਂ ਕੀਤੀ ਜਾ ਸਕਦੀ ਹੈ, ਇਹਨਾਂ ਲਿੰਕਾਂ ਦਾ ਅਨੁਸਰਣ ਕਰੋ।

**ਕੀ ਕੋਈ ਵਿਸ਼ੇਸ਼ ਸਵਾਲ ਹਨ ਜੋ ਜਨਗਣਨਾ ਕਰਨ ਵਾਲਿਆਂ ਨੂੰ ਨਹੀਂ ਪੁੱਛਣੇ ਚਾਹੀਦੇ?**

- **ਜਨਗਣਨਾ ਕਰਨ ਵਾਲੇ ਨਿਮਨਲਿਖਤ ਚੀਜ਼ਾਂ ਬਾਰੇ ਕਦੇ ਨਹੀਂ ਪੁੱਛਣਗੇ:**
    - ਇਮਗ੍ਰੇਸ਼ਨ ਦੀ ਸਥਿਤੀ ਜਾਂ ਨਾਗਰਿਕਤਾ ਬਾਰੇ ਸਵਾਲ
    - ਤੁਹਾਡਾ ਗੱਡੀ ਚਲਾਉਣ ਦਾ ਲਾਇਸੰਸ ਜਾਂ ਸਟੇਟ ਆਈ.ਡੀ.
    - ਤੁਹਾਡਾ ਸੋਸ਼ਲ ਸਕਿਉਰਟੀ ਜਾਂ ITIN ਨੰਬਰ
    - ਤੁਹਾਡਾ ਬੈਂਕ ਖਾਤਾ ਜਾਂ ਕ੍ਰੈਡਿਟ ਕਾਰਡ ਨੰਬਰ
    - ਕਿਸੇ ਰਾਜਨੀਤਕ ਪਾਰਟੀ ਦੀ ਤਰਫ਼ੋਂ ਕੁਝ ਵੀ
    - ਪੈਸੇ ਜਾਂ ਦਾਨ
- ਜੇ ਤੁਸੀਂ ਸੋਚਦੇ ਹੋ ਕਿ ਕਿਸੇ ਨੇ ਤੁਹਾਡੇ ਕੋਲ ਪਹੁੰਚ ਕੀਤੀ ਹੈ ਅਤੇ ਉਹ ਅਸਲੀ ਜਨਗਣਨਾ ਕਰਨ ਵਾਲਾ ਨਹੀਂ ਹੈ, ਤਾਂ ਕਿਰਪਾ ਕਰਕੇ ਇਸਦੀ ਰਿਪੋਰਟ ਨਿਊ ਅਮੈਰਿਕਨਜ਼ ਹੌਟਲਾਈਨ (Office of New Americans Hotline) ਦੇ ਬਹੁ-ਭਾਸ਼ੀ ਦਫਤਰ ਨੂੰ 1-800-566-7636 'ਤੇ ਕਰੋ।

**ਜੇ ਮੇਰਾ ਨਾਮ ਸਰਕਾਰੀ ਕਾਗਜ਼ਾਂ ਵਿੱਚ ਨਹੀਂ ਹੈ (undocumented) ਤਾਂ ਕੀ ਜਨਗਣਨਾ ਕਰਨ ਵਾਲੇ ਨਾਲ ਗੱਲ ਕਰਨਾ ਸੁਰੱਖਿਅਤ ਹੈ?**

- ਇਹ ਕੋਈ ਸਮੱਸਿਆ ਨਹੀਂ ਹੈ। ਜਨਗਣਨਾ ਕਰਨ ਵਾਲਾ ਤੁਹਾਡੀ ਇਮੀਗ੍ਰੇਸ਼ਨ ਸਥਿਤੀ ਬਾਰੇ ਜਾਂ ਤੁਹਾਡੀ ਨਾਗਰਿਕਤਾ ਬਾਰੇ ਕੋਈ ਸਵਾਲ ਨਹੀਂ ਪੁੱਛਦਾ।
- ਤੁਹਾਡੇ ਜਵਾਬਾਂ ਨੂੰ ਇਮੀਗ੍ਰੇਸ਼ਨ ਅਧਿਕਾਰੀਆਂ, ਪੁਲਿਸ ਜਾਂ ਕਿਸੇ ਵੀ ਕਨੂੰਨ ਦੀ ਤਾਮੀਲ ਕਰਵਾਉਣ ਵਾਲੇ ਅਦਾਰੇ ਨਾਲ ਸਾਂਝਾ ਨਹੀਂ ਕੀਤਾ ਜਾ ਸਕਦਾ।

**ਮੈਨੂੰ ਕਿਵੇਂ ਪਤਾ ਚੱਲੇਗਾ ਕਿ ਕੋਈ ਜਨਗਣਨਾ ਕਰਨ ਵਾਲਾ ਮੇਰੀ ਜਾਣਕਾਰੀ ਨੂੰ ਸੁਰੱਖਿਅਤ ਰੱਖੇਗਾ?**

- ਜਨਗਣਨਾ ਕਰਨ ਵਾਲੇ ਤੁਹਾਡੀ ਜਾਣਕਾਰੀ ਨੂੰ ਸੁਰੱਖਿਅਤ ਰੱਖਣਗੇ।
- ਸੰਘੀ ਕਨੂੰਨ ਦੇ ਤਹਿਤ, ਜਨਗਣਨਾ ਬਿਊਰੋ ਦੇ ਕਰਮਚਾਰੀਆਂ ਤੋਂ ਕਨੂੰਨ ਦੁਆਰਾ ਤੁਹਾਡੀ ਜਾਣਕਾਰੀ ਨੂੰ ਗੁਪਤ ਰੱਖਣਾ ਲੋੜਿਆ ਜਾਂਦਾ ਹੈ।
- ਜੇ ਉਹ ਟਾਈਟਲ 13 (Title 13) ਦੀ ਉਲੰਘਣਾ ਕਰਦੇ ਹਨ, ਤਾਂ ਉਹਨਾਂ ਨੂੰ 5 ਸਾਲ ਕੈਦ ਅਤੇ $250,000 ਤੱਕ ਦਾ ਜੁਰਮਾਨਾ ਹੋ ਸਕਦਾ ਹੈ।

**ਜਨਗਣਨਾ ਕਰਨ ਵਾਲੇ ਕਿੱਥੋਂ ਆਉਂਦੇ ਹਨ?**

- ਜਨਗਣਨਾ ਕਰਨ ਵਾਲੇ ਨਿਊ ਯਾਰਕ ਵਾਸੀ ਹੁੰਦੇ ਹਨ। ਉਹਨਾਂ ਦੀਆਂ ਸੇਵਾਵਾਂ ਸਥਾਨਕ ਭਾਈਚਾਰਿਆਂ ਵਿੱਚੋਂ ਕਿਰਾਏ ’ਤੇ ਲਈਆਂ ਜਾਂਦੀਆਂ ਹਨ ਅਤੇ ਉਹ ਅਕਸਰ ਉਹਨਾਂ ਹੀ ਭਾਈਚਾਰਿਆਂ ਵਿੱਚ ਕੰਮ ਕਰਦੇ ਹਨ ਜਿੱਥੇ ਉਹ ਰਹਿੰਦੇ ਹਨ। ਤੁਹਾਡੀ ਜਨਗਣਨਾ ਕਰਨ ਵਾਲਾ ਤੁਹਾਡੇ ਤੋਂ ਕੁਝ ਦੂਰੀ ’ਤੇ ਰਹਿੰਦਾ ਹੋ ਸਕਦਾ ਹੈ ਜਾਂ ਏਥੋਂ ਤੱਕ ਕਿ ਤੁਹਾਡਾ ਗੁਆਂਢੀ ਵੀ ਹੋ ਸਕਦਾ ਹੈ।

**ਜੇ ਮੈਂ ਘਰੋਂ ਦੂਰ ਹਾਂ ਜਾਂ ਕੰਮ ’ਤੇ ਹਾਂ ਤਾਂ ਮੈਨੂੰ ਕਿਵੇਂ ਪਤਾ ਚੱਲੇਗਾ ਕਿ ਕੋਈ ਜਨਗਣਨਾ ਕਰਨ ਵਾਲਾ ਮੇਰੇ ਘਰ ਆਇਆ ਸੀ?**

- ਜੇ ਉਸ ਸਮੇਂ ਘਰੇ ਕੋਈ ਨਹੀਂ ਹੈ ਜਦ ਜਨਗਣਨਾ ਕਰਨ ਵਾਲਾ ਘਰੇ ਆਉਂਦਾ ਹੈ, ਤਾਂ ਜਨਗਣਨਾ ਕਰਤਾ ਆਪਣੀ ਫੇਰੀ ਬਾਰੇ ਇੱਕ ਨੋਟ ਲਿਖਕੇ ਛੱਡ ਦੇਵੇਗਾ। ਇਸ ਨੋਟ-ਕਥਨ ਵਿੱਚ ਇਸ ਬਾਰੇ ਜਾਣਕਾਰੀ ਹੋਵੇਗੀ ਕਿ ਔਨਲਾਈਨ, ਫ਼ੋਨ ਦੁਆਰਾ ਜਾਂ ਡਾਕ ਰਾਹੀਂ ਜਵਾਬ ਕਿਵੇਂ ਦੇਣਾ ਹੈ।
- ਕਿਸੇ ਜਨਗਣਨਾ ਕਰਤਾ ਦੀ ਰੁਜ਼ਗਾਰ ਸਥਿਤੀ ਦੀ ਪੁਸ਼ਟੀ ਕਰਨ ਲਈ ਤੁਸੀਂ 212-882-7100 ’ਤੇ ਕਾਲ ਕਰ ਸਕਦੇ ਹੋ।

**ਜੇ ਮੈਂ ਕਿਸੇ ਜਨਗਣਨਾ ਕਰਤਾ ਦੇ ਸਵਾਲ ਦਾ ਜਵਾਬ ਪੂਰੀ ਤਰ੍ਹਾਂ ਨਹੀਂ ਦਿੰਦਾ/ਦੀ ਜਾਂ ਕੁਝ ਵਿਸ਼ੇਸ਼ ਸਵਾਲ ਪੂਰੀ ਤਰ੍ਹਾਂ ਛੱਡ ਦਿੰਦਾ/ਦੀ ਹਾਂ ਤਾਂ ਕੀ ਵਾਪਰਦਾ ਹੈ? ਕੀ ਕਿਸੇ ਹੋਰ ਜਨਗਣਨਾ ਕਰਤਾ ਵੱਲੋਂ ਕਿਸੇ ਕਿਸਮ ਦੀ ਪੈਰਵਾਈ ਹੋਵੇਗੀ?**

- ਪਰਿਵਾਰਾਂ ਨੂੰ ਪ੍ਰਸ਼ਨਾਵਲੀ ਸੰਪੂਰਨ ਰੂਪ ਵਿੱਚ ਭਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਪਰ ਜੇ ਤੁਹਾਨੂੰ ਜਵਾਬ ਪਤਾ ਨਹੀਂ ਹੈ ਜਾਂ ਤੁਸੀਂ ਕੁਝ ਵਿਸ਼ੇਸ਼ ਸਵਾਲਾਂ ਨੂੰ ਛੱਡਣਾ ਚਾਹੋਗੇ, ਤਾਂ ਜਨਗਣਨਾ ਕਰਤਾ ਇੰਟਰਵਿਊ ਜਾਰੀ ਰੱਖੇਗਾ।
- ਕੁਝ ਕੁ ਚੀਜ਼ਾਂ ਨਿਸ਼ਚਿਤ ਤੌਰ ’ਤੇ ਲੋੜੀਂਦੀਆਂ ਹਨ: ਤੁਹਾਡਾ ਪਤਾ, ਨਾਮ, ਅਤੇ ਤੁਹਾਡੇ ਪਰਿਵਾਰ ਵਿੱਚ ਲੋਕਾਂ ਦੀ ਸੰਖਿਆ।
- ਫ਼ਾਰਮ ਨੂੰ “ਸੰਪੂਰਨ” (“complete”) ਮੰਨੇ ਜਾਣ ਵਾਸਤੇ ਇੱਕ ਘੱਟੋ-ਘੱਟ ਸੰਖਿਆ ਤੱਕ ਸਵਾਲਾਂ ਦਾ ਜਵਾਬ ਦੇਣਾ ਲਾਜ਼ਮੀ ਹੈ।
- ਜੇ ਤੁਸੀਂ ਜ਼ਿਆਦਾ ਸਵਾਲਾਂ ਦਾ ਜਵਾਬ ਦਿੰਦੇ ਹੋ, ਤਾਂ ਇਸ ਗੱਲ ਦੀ ਸੰਭਾਵਨਾ ਘੱਟ ਹੈ ਕਿ ਕੋਈ ਤੁਹਾਡੇ ਦਰਵਾਜ਼ੇ ’ਤੇ ਆਕੇ ਦਸਤਕ ਦੇਵੇਗਾ।
- ਲਿੰਗ ਬਾਰੇ ਸਵਾਲ ਨੂੰ ਛੱਡਿਆ ਜਾ ਸਕਦਾ ਹੈ।
- ਜਨਗਣਤਾ ਕਰਤਾ ਘਰ ਵਿੱਚ ਰਹਿਣ ਵਾਲੇ ਸਾਰੇ ਲੋਕਾਂ ਬਾਰੇ ਜਾਣਕਾਰੀ ਇਕੱਤਰ ਕਰਨਗੇ। ਉਹ ਤੁਹਾਨੂੰ ਤੁਹਾਡੇ ਘਰ ਵਿੱਚ ਰਹਿਣ ਵਾਲੇ ਹਰ ਕਿਸੇ ਬਾਰੇ ਰਿਪੋਰਟ ਕਰਨ ਵਾਸਤੇ ਕਹਿਣਗੇ, ਚਾਹੇ ਉਹਦਾ ਤੁਹਾਡੇ ਨਾਲ ਰਿਸ਼ਤਾ ਨਾ ਵੀ ਹੋਵੇ।
- ਤੁਹਾਨੂੰ ਪਰਿਵਾਰ ਵਿੱਚ ਰਹਿਣ ਵਾਲੇ ਹਰ ਵਿਅਕਤੀ ਬਾਰੇ ਜਾਣਕਾਰੀ ਪ੍ਰਦਾਨ ਕਰਾਉਣੀ ਚਾਹੀਦੀ ਹੈ। ਜੇ ਤੁਸੀਂ ਆਪਣੇ ਘਰ ਵਿੱਚ ਰਹਿਣ ਵਾਲੇ ਕਿਸੇ ਹੋਰ ਪਰਿਵਾਰ ਬਾਰੇ ਜਾਣਕਾਰੀ ਪ੍ਰਦਾਨ ਨਹੀਂ ਕਰਾ ਸਕਦੇ, ਤਾਂ ਉਸ ਦੂਸਰੇ ਪਰਿਵਾਰ ਨੂੰ ਵੀ ਖੁਦ ਔਨਲਾਈਨ, ਫ਼ੋਨ ਦੁਆਰਾ, ਜਾਂ ਡਾਕ ਰਾਹੀਂ ਜਵਾਬ ਦੇਣਾ ਪਵੇਗਾ।

**ਜੇ ਕੋਈ ਜਨਗਣਨਾ ਕਰਤਾ ਮੇਰੀ ਜੱਦੀ ਭਾਸ਼ਾ ਨਹੀਂ ਬੋਲਦਾ ਤਾਂ ਕੀ ਮੇਰਾ ਬੱਚਾ (18 ਸਾਲ ਤੋਂ ਘੱਟ ਉਮਰ ਦਾ) ਇੱਕ ਅਨੁਵਾਦਕ ਵਜੋਂ ਕੰਮ ਕਰ ਸਕਦਾ ਹੈ? ਜਾਂ ਕੀ ਕਿਸੇ ਹੋਰ ਜਨਗਣਨਾ ਕਰਤਾ ਨੂੰ ਮੇਰੇ ਜਵਾਬ ਲੈਣ ਵਾਸਤੇ ਉਸ ਪਤੇ ’ਤੇ ਵਾਪਸ ਆਉਣਾ ਪਵੇਗਾ?**

- ਹਾਂ, ਕੋਈ ਬੱਚਾ ਆਪਣੇ ਮਾਪੇ ਵਾਸਤੇ ਅਨੁਵਾਦਕ ਬਣ ਸਕਦਾ ਹੈ। ਜੇ ਅਨੁਵਾਦ ਵਿੱਚ ਮਦਦ ਕਰਨ ਲਈ ਕੋਈ ਵੀ ਉਪਲਬਧ ਨਹੀਂ ਹੈ ਅਤੇ ਭਾਸ਼ਾ ਦੀ ਰੁਕਾਵਟ ਆਉਂਦੀ ਹੈ, ਤਾਂ ਜਨਗਣਨਾ ਕਰਤਾ ਕੇਸ ਨੂੰ ਕਿਸੇ ਹੋਰ ਜਨਗਣਨਾ ਕਰਤਾ ਕੋਲ ਤਬਦੀਲ ਕਰ ਦੇਵੇਗਾ ਜੋ ਤੁਹਾਡੀ ਭਾਸ਼ਾ ਬੋਲਦਾ ਹੈ।

**ਜਿਹੜੇ ਲੋਕ COVID-19 ਕਰਕੇ NYC ਤੋਂ ਬਾਹਰ ਚਲੇ ਗਏ ਸਨ ਅਤੇ ਜਿਨ੍ਹਾਂ ਨੇ ਆਪਣੀ ਜਨਗਣਨਾ ਇੱਕ ਦੂਜੇ, ਗੈਰ-NYC ਪਤੇ ਨੂੰ ਆਪਣੇ ਮੂਲ ਘਰ ਵਜੋਂ ਸੂਚੀਬੱਧ ਕਰਕੇ ਭਰੀ ਸੀ, ਉਹ ਆਪਣੇ ਜਵਾਬਾਂ ਵਿੱਚ ਸੋਧ ਕਿਵੇਂ ਕਰ ਸਕਦੇ ਹਨ ਅਤੇ ਇਹ ਸੂਚੀਬੱਧ ਕਿਵੇਂ ਕਰ ਸਕਦੇ ਹਨ ਕਿ ਉਹ ਅਸਲ ਵਿੱਚ NYC ਵਿੱਚ ਰਹਿੰਦੇ ਹਨ?**

- ਤੁਸੀਂ ਆਪਣੇ ਵੱਲੋਂ ਪਹਿਲਾਂ ਭੇਜੇ ਜਾ ਚੁੱਕੇ ਕਿਸੇ ਜਨਗਣਨਾ ਜਵਾਬ ਨੂੰ ਬਦਲ ਨਹੀਂ ਸਕਦੇ। ਜੇ ਤੁਸੀਂ ਜਨਗਣਨਾ ਨੂੰ ਕਿਸੇ ਵੱਖਰੇ ਟਿਕਾਣੇ 'ਤੇ ਪੂਰਾ ਕੀਤਾ ਸੀ, ਤਾਂ ਤੁਹਾਨੂੰ ਉਸ ਘਰ ਵਾਸਤੇ ਜਨਗਣਨਾ ਫਿਰ ਤੋਂ ਪੂਰੀ ਕਰਨੀ ਪਵੇਗੀ ਜਿੱਥੇ ਤੁਸੀਂ ਆਮ ਤੌਰ 'ਤੇ ਆਪਣਾ ਜ਼ਿਆਦਾਤਰ ਸਮਾਂ (1 ਅਪਰੈਲ, 2020 ਤੱਕ) ਬਤੀਤ ਕਰਦੇ ਹੋ।
- ਲੋਕ ਇੱਕ ਤੋਂ ਵਧੇਰੇ ਜਵਾਬ ਸੌਂਪ ਸਕਦੇ ਹਨ। ਜਨਗਣਨਾ ਬਿਊਰੋ ਕੋਲ ਇਹ ਯਕੀਨੀ ਬਣਾਉਣ ਵਾਸਤੇ ਇੱਕ ਪ੍ਰਕਿਰਿਆ ਹੈ ਕਿ ਤੁਹਾਡੀ ਗਿਣਤੀ ਦੋ ਵਾਰ ਨਹੀਂ ਹੋਵੇਗੀ।
- ਜਨਗਣਨਾ ਬਿਊਰੋ ਨੂੰ ਅਜੇ ਵੀ ਦੋਨਾਂ ਘਰਾਂ ਵਾਸਤੇ ਜਵਾਬ ਪੂਰੇ ਕਰਨ ਦੀ ਲੋੜ ਹੈ। ਇਸ ਵਿੱਚ ਉਹ ਮੌਸਮੀ ਘਰ ਵੀ ਸ਼ਾਮਲ ਹਨ ਜੋ ਫਿਲਹਾਲ ਖਾਲੀ ਹਨ। ਇਸ ਪ੍ਰਕਿਰਿਆ ਨੂੰ ਵਧੇਰੇ ਵਿਸਥਾਰ ਸਹਿਤ ਸਮਝਾਉਣ ਵਿੱਚ ਮਦਦ ਕਰਨ ਲਈ ਜਨਗਣਨਾ ਬਿਊਰੋ (Census Bureau) ਕੋਲ ਇੱਕ ਪਰਚਾ (flyer) ਹੈ।

**ਕੋਈ ਜਨਗਣਨਾ ਕਰਤਾ ਮੇਰੇ ਘਰ ਕਿੰਨੀ ਵਾਰ ਆਵੇਗਾ? ਉਹ ਕਿੰਨ੍ਹੇ ਕੁ ਵਕਫੇ ਬਾਅਦ ਆਉਣਗੇ?**

- ਜਨਗਣਨਾ ਕਰਤਾ ਕਈ ਵਾਰ ਤੁਹਾਡੇ ਤੱਕ ਪਹੁੰਚ ਕਰਨ ਦੀ ਕੋਸ਼ਿਸ਼ ਕਰਨਗੇ ਜਦ ਤੁਹਾਡੇ ਘਰ ਹੋਣ ਦੀ ਸੰਭਾਵਨਾ ਵਧੇਰੇ ਹੁੰਦੀ ਹੈ। ਉਹਨਾਂ ਨੂੰ ਹਰ ਘਰ ਵਾਸਤੇ ਜਵਾਬ ਹਾਸਲ ਕਰਨ ਦੀ ਲੋੜ ਹੁੰਦੀ ਹੈ।
- ਜਦ ਕੋਈ ਘਰ ਆਪਣੀ ਜਨਗਣਨਾ ਪੂਰੀ ਕਰ ਲੈਂਦਾ ਹੈ, ਤਾਂ ਇਹ ਯਕੀਨੀ ਬਣਾਉਣ ਲਈ ਵਾਧੂ ਫੇਰੀਆਂ ਪਾਈਆਂ ਜਾ ਸਕਦੀਆਂ ਹਨ ਕਿ ਉਹਨਾਂ ਕੋਲ ਉਹ ਸਾਰਾ ਡੈਟਾ ਹੋਵੇ ਜਿਸਦੀ ਉਹਨਾਂ ਨੂੰ ਲੋੜ ਹੈ।
- ਫੇਰੀਆਂ ਰਾਤਾਂ ਦੌਰਾਨ ਅਤੇ ਵੀਕਇੰਡ 'ਤੇ ਵੀ ਹੋ ਸਕਦੀਆਂ ਹਨ।

**ਜੇ ਮੈਂ ਕਿਸੇ ਵੀ ਜਨਗਣਨਾ ਕਰਤਾਵਾਂ ਦੀਆਂ ਬੇਨਤੀਆਂ ਦਾ ਜਵਾਬ ਨਹੀਂ ਦਿੰਦਾ/ਦੀ ਤਾਂ ਕੀ ਵਾਪਰਦਾ ਹੈ? ਕੀ ਜਨਗਣਨਾ ਬਿਊਰੋ ਅਜੇ ਵੀ ਮੇਰੀ ਜਾਣਕਾਰੀ ਹਾਸਲ ਕਰਨ ਦੇ ਯੋਗ ਹੋਵੇਗੀ?**

- ਜਨਗਣਨਾ ਕਰਤਾ ਹੋਰ ਲੋਕਾਂ (ਜਿਵੇਂ ਕਿ ਤੁਹਾਡੇ ਗੁਆਂਢੀ) ਕੋਲੋਂ ਜਾਣਕਾਰੀ ਹਾਸਲ ਕਰਨ ਦੇ ਯੋਗ ਹੋਣਗੇ, ਪਰ ਇਹ ਉਹਨਾਂ ਦਾ ਆਖਰੀ ਹੀਲਾ ਹੈ ਅਤੇ ਇਹ ਆਮ ਤੌਰ 'ਤੇ ਘੱਟ ਸਟੀਕ ਹੁੰਦਾ ਹੈ।
  - ਇਹ ਅੰਦਾਜ਼ਾ ਲਾਇਆ ਜਾਂਦਾ ਹੈ ਕਿ ਇਸ ਪ੍ਰਕਿਰਿਆ ਦੌਰਾਨ 15 ਪ੍ਰਤੀਸ਼ਤ ਆਬਾਦੀ "ਗਾਇਬ ਹੋ ਜਾਂਦੀ ਹੈ" ("disappears"), ਜਿਸ ਨੂੰ ਆਰੋਪਣ (imputation) ਕਿਹਾ ਜਾਂਦਾ ਹੈ। ਇਸਦਾ ਮਤਲਬ ਇਹ ਹੈ ਕਿ ਤੁਹਾਡੇ ਦਾਦਾ ਜਾਂ ਨਾਨਾ ਜੀ ਜਾਂ ਤੁਹਾਡੇ ਬੱਚੇ ਨੂੰ ਜੋ ਫ਼ੰਡ ਸਹਾਇਤਾ ਚਾਹੀਦੀ ਹੈ, ਹੋ ਸਕਦਾ ਹੈ ਉਹ ਤੁਹਾਡੇ ਇਲਾਕੇ ਵਿੱਚ ਨਾ ਆਵੇ ਜੇ ਜਨਗਣਨਾ ਨੂੰ ਉਚਿਤ ਤਰੀਕੇ ਨਾਲ ਪੂਰਾ ਨਹੀਂ ਕੀਤਾ ਜਾਂਦਾ। ਯਾਦ ਰੱਖੋ ਕਿ ਸਕੂਲਾਂ, ਹਸਪਤਾਲਾਂ, ਅਤੇ ਬਜ਼ੁਰਗਾਂ ਦੇ ਕੇਂਦਰਾਂ ਲਈ ਸੰਘੀ ਸਰਕਾਰ ਵੱਲੋਂ $1.5 ਟ੍ਰਿਲੀਅਨ ਡਾਲਰ ਦੀ ਫ਼ੰਡ ਸਹਾਇਤਾ ਦਾ ਫੈਸਲਾ ਜਨਗਣਨਾ ਹੀ ਤੈਅ ਕਰਦੀ ਹੈ।
- ਇਸ ਤੋਂ ਇਲਾਵਾ, ਜਨਗਣਨਾ ਬਿਊਰੋ ਨੂੰ ਉਹਨਾਂ ਘਰਾਂ ਵਾਸਤੇ ਹੋਰ ਮੌਜੂਦਾ ਸਰਕਾਰੀ ਰਿਕਾਰਡਾਂ ਦੀ ਵਰਤੋਂ ਕਰਨ ਦੀ ਲੋੜ ਪੈ ਸਕਦੀ ਹੈ ਜੋ ਜਵਾਬ ਨਹੀਂ ਦਿੰਦੇ।

**ਕੀ ਮੈਂ ਜਨਗਣਨਾ ਕਰਤਾ ਦੇ ਨਾਲ ਦਰਵਾਜ਼ੇ ਰਾਹੀਂ ਗੱਲ ਕਰ ਸਕਦਾ/ਦੀ ਹਾਂ?**

- ਤੁਸੀਂ ਅਜਿਹਾ ਕਰ ਸਕਦੇ ਹੋ, ਪਰ ਤੁਸੀਂ ਦਰਵਾਜ਼ੇ ਨੂੰ ਥੋੜ੍ਹਾ ਜਿਹਾ ਖੋਲ੍ਹਣਾ ਚਾਹ ਸਕਦੇ ਹੋ ਤਾਂ ਜੋ ਤੁਸੀਂ ਆਪਣੀ ਜਾਣਕਾਰੀ ਨੂੰ ਬਹੁਤ ਉੱਚੀ ਬੋਲ ਕੇ ਸਾਂਝੀ ਨਾ ਕਰੋ। ਜਨਗਣਨਾ ਕਰਤਾਵਾਂ ਕੋਲ ਜਨਗਣਨਾ ਸ਼ਨਾਖਤ ਹੋਵੇਗੀ ਅਤੇ ਉਹਨਾਂ ਨੇ ਮਾਸਕ ਪਹਿਨਿਆ ਹੋਵੇਗਾ।
- ਤੁਸੀਂ ਇੰਟਰਵਿਊ ਕਿਸੇ ਹੋਰ ਥਾਂ ਕਰਨ ਬਾਰੇ ਵੀ ਪੁੱਛ ਸਕਦੇ ਹੋ, ਜਿਸ ਵਿੱਚ ਘਰ ਤੋਂ ਬਾਹਰ ਦਾ ਸਥਾਨ ਵੀ ਸ਼ਾਮਲ ਹੈ।
- ਯਾਦ-ਦਹਾਨੀ ਵਜੋਂ, ਤੁਸੀਂ ਆਪਣੇ ਜਨਗਣਨਾ ਫ਼ਾਰਮ ਨੂੰ ਔਨਲਾਈਨ ਜਾਂ ਫ਼ੋਨ ਉੱਤੇ ਵੀ ਭਰ ਸਕਦੇ ਹੋ।

**ਕੀ ਜਨਗਣਨਾ ਕਰਤਾਵਾਂ ਦੇ ਆਉਣ ਤੋਂ ਪਹਿਲਾਂ ਜਨਗਣਨਾ ਬਿਊਰੋ ਮੇਰੇ ਪ੍ਰਾਪਰਟੀ ਮੈਨੇਜਰ ਨਾਲ ਸੰਪਰਕ ਕਰੇਗੀ?**

- ਜਦ ਵੀ ਅਜਿਹਾ ਸੰਭਵ ਹੁੰਦਾ ਹੈ, ਜਨਗਣਨਾ ਕਰਤਾ ਇੰਟਰਵਿਊਆਂ ਕਰਨ ਤੋਂ ਪਹਿਲਾਂ ਜਾਂ ਕਰਨ ਦੇ ਸਮੇਂ ਪ੍ਰਾਪਰਟੀ ਮੈਨੇਜਰਾਂ ਨਾਲ ਸੰਪਰਕ ਕਰਨਗੇ। ਅਜਿਹਾ ਇਸ ਲਈ ਹੈ ਤਾਂ ਜੋ ਉਹ ਹਰ ਘਰ ਵਿਖੇ ਪਹੁੰਚ ਕਰਨਾ ਯਕੀਨੀ ਬਣਾ ਸਕਣ।

**ਕੀ ਇੱਕ ਇਮਾਰਤ ਵਿੱਚ ਇੱਕ ਤੋਂ ਵਧੇਰੇ ਜਨਗਣਨਾ ਕਰਤਾ ਭੇਜੇ ਜਾਣਗੇ?**

- ਹਾਂ।

**ਮੇਰੇ ਚੌਂਕੀਦਾਰ ਨੂੰ ਕਿਵੇਂ ਪਤਾ ਚੱਲੇਗਾ ਕਿ ਜਨਗਣਨਾ ਕਰਤਾ ਨੂੰ ਅੰਦਰ ਆਉਣ ਦੇਣਾ ਹੈ?**

- ਸਾਰੇ ਜਨਗਣਨਾ ਕਰਮਚਾਰੀ ਵੈਧ ਜਨਗਣਨਾ ਸ਼ਨਾਖਤ ਪਹਿਨਦੇ ਹਨ।

**ਬੇਸਮੈਂਟ ਵਾਲੇ ਅਪਾਰਟਮੈਂਟਾਂ ਬਾਰੇ ਕੀ ਖਿਆਲ ਹੈ? ਜਨਗਣਨਾ ਕਰਤਾਵਾਂ ਨੂੰ ਕਿਵੇਂ ਪਤਾ ਚੱਲੇਗਾ ਕਿ ਅੰਦਰ ਕਿਵੇਂ ਲੰਘਣਾ ਹੈ, ਖਾਸ ਕਰਕੇ ਗੈਰਕਨੂੰਨੀ ਤੌਰ 'ਤੇ ਉਪ-ਭਾਗਾਂ ਵਿੱਚ ਵੰਡੇ ਯੂਨਿਟਾਂ ਦੇ ਸੰਬੰਧ ਵਿੱਚ?**

- ਜਨਗਣਨਾ ਕਰਤਾ ਹਰ ਪਤੇ 'ਤੇ ਸਾਰੀਆਂ ਸੰਭਵ ਬਸੇਰਾ ਇਕਾਈਆਂ ਨੂੰ ਲੱਭਣ ਲਈ ਸਿਖਲਾਈ ਪ੍ਰਾਪਤ ਹੁੰਦੇ ਹਨ। ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਕੀ ਕੋਈ ਅਪਾਰਟਮੈਂਟ ਕਨੂੰਨੀ ਹੈ ਜਾਂ ਨਹੀਂ, ਪਟੇ 'ਤੇ ਕੌਣ ਰਹਿ ਰਿਹਾ ਹੈ, ਜਾਂ ਕੋਈ ਹੋਰ ਚੀਜ਼—ਜਿਹੜੀ ਚੀਜ਼ ਮਾਅਨੇ ਰੱਖਦੀ ਹੈ ਉਹ ਇਹ ਹੈ ਕਿ ਕੀ ਓਥੇ ਲੋਕ ਰਹਿੰਦੇ ਹਨ।

**ਕੀ ਜਨਗਣਨਾ ਕਰਤਾ ਮੇਰੀ ਇਮਾਰਤ ਦੇ ਨਿਯਮਾਂ ਦੀ ਪਾਲਣਾ ਕਰਨਗੇ? ਮੇਰੀ ਇਮਾਰਤ ਜਨਗਣਨਾ ਕਰਤਾ ਕੋਲੋਂ ਲੋੜ ਸਕਦੀ ਹੈ ਕਿ ਉਹ ਲੋਕਾਂ ਨੂੰ ਲੌਬੀ ਜਾਂ ਸਾਂਝੇ ਖੇਤਰ ਵਿੱਚ ਮਿਲੇ ਅਤੇ ਹੋ ਸਕਦਾ ਹੈ ਜਨਗਣਨਾ ਕਰਤਾ ਨੂੰ ਸੁਤੰਤਰਤਾ ਨਾਲ ਇਮਾਰਤ ਵਿੱਚ ਘੁੰਮਣ-ਫਿਰਨ ਦੀ ਆਗਿਆ ਨਾ ਦੇਵੇ।**

- ਜਨਗਣਨਾ ਕਰਤਾ ਪ੍ਰਾਂਤਕੀ ਅਤੇ ਸਥਾਨਕ ਸਿਹਤ ਮਾਰਗ-ਦਰਸ਼ਨ ਦੀ ਪਾਲਣਾ ਕਰਨਗੇ। ਜਨਗਣਨਾ ਕਰਤਾ ਹਮੇਸ਼ਾ ਮਾਸਕ ਪਹਿਨਣਗੇ। ਉਹ ਸਥਾਪਤ ਇਮਾਰਤੀ ਨਿਯਮਾਂ ਦੀ ਪਾਲਣਾ ਕਰਨ ਲਈ ਪੂਰੀ ਵਾਹ ਲਾਉਣਗੇ।

**NYCHA ਜਨਗਣਨਾ ਕਰਤਾਵਾਂ ਨਾਲ ਨਜਿੱਠਣ ਦੀ ਯੋਜਨਾ ਕਿਵੇਂ ਬਣਾ ਰਹੀ ਹੈ? NYCHA ਪ੍ਰਾਪਰਟੀ ਮੈਨੇਜਰਾਂ, ਕਿਰਾਏਦਾਰਾਂ ਦੇ ਲੀਡਰਾਂ, ਅਤੇ ਕਿਰਾਏਦਾਰਾਂ ਨੂੰ ਕੀ ਮਾਰਗ-ਦਰਸ਼ਨ ਦੇ ਰਹੀ ਹੈ?**

- NYCHA ਇਹ ਯਕੀਨੀ ਬਣਾ ਰਹੀ ਹੈ ਕਿ ਹਰ ਕਿਸੇ ਕੋਲ ਉਹ ਜਾਣਕਾਰੀ ਹੋਵੇ ਜਿਸਦੀ ਉਸਨੂੰ 2020 ਜਨਗਣਨਾ ਨਾਲ ਸਹਿਯੋਗ ਕਰਨ ਲਈ ਲੋੜ ਹੈ। ਪ੍ਰਾਪਰਟੀ ਮੈਨੇਜਰਾਂ, ਕਿਰਾਏਦਾਰਾਂ ਦੇ ਲੀਡਰਾਂ, ਅਤੇ ਕਿਰਾਏਦਾਰਾਂ ਨੂੰ NRFU ਦੀ ਸਮਾਂ-ਰੇਖਾ ਬਾਰੇ, ਉਹਨਾਂ ਨੂੰ ਕੀ ਕਰਨ ਦੀ ਲੋੜ ਹੈ, COVID-19 ਦੌਰਾਨ ਜਨਗਣਨਾ ਬਿਊਰੋ ਸੁਰੱਖਿਆ ਨੂੰ ਕਿਵੇਂ ਯਕੀਨੀ ਬਣਾ ਰਹੀ ਹੈ, ਅਤੇ ਘਪਲਿਆਂ ਤੋਂ ਕਿਵੇਂ ਬਚਣਾ ਹੈ, ਬਾਰੇ ਸੂਚਿਤ ਕੀਤਾ ਜਾ ਰਿਹਾ ਹੈ।
- 2019 ਦੀ ਪੱਤਝੜ ਤੋਂ ਲੈਕੇ, NYCHA ਨੇ ਕਿਰਾਏਦਾਰਾਂ ਨੂੰ ਜਨਗਣਨਾ ਨੂੰ ਔਨਲਾਈਨ ਜਾਂ ਫ਼ੋਨ ਰਾਹੀਂ ਪੂਰਾ ਕਰਨ ਬਾਰੇ ਟੀਚ-ਇਨਜ਼ (teach-ins) ਰਾਹੀਂ, ਸਾਰੇ ਘਰਾਂ ਨੂੰ ਡਾਕ ਭੇਜਕੇ, ਸੂਚਨਾਪੱਤਰਾਂ ਰਾਹੀਂ, ਸੋਸ਼ਲ ਮੀਡੀਆ ਰਾਹੀਂ, ਅਤੇ ਕਿਰਾਏਦਾਰਾਂ ਦੇ ਲੀਡਰਾਂ ਰਾਹੀਂ ਪਹੁੰਚ ਕਰਕੇ ਸਿੱਖਿਅਤ ਕਰਨਾ ਸ਼ੁਰੂ ਕੀਤਾ। COVID-19 ਮਹਾਂਮਾਰੀ ਦੇ ਮੱਦੇ ਨਜ਼ਰ, NYCHA 2020 ਦੀ ਜਨਗਣਨਾ ਵਿੱਚ ਭਾਗ ਲੈਣ ਵਾਸਤੇ ਔਨਲਾਈਨ ਫ਼ਾਰਮ ਭਰਨ ਨੂੰ ਸਭ ਤੋਂ ਸੁਰੱਖਿਅਤ ਸਾਧਨ ਵਜੋਂ ਉਤਸ਼ਾਹਤ ਕਰਨਾ ਜਾਰੀ ਰੱਖੇਗੀ।

**ਸਿੱਖਿਆ ਦੇ ਮਕਸਦਾਂ ਵਾਸਤੇ ਕੀ ਤੁਸੀਂ ਇੱਕ ਫ਼ੋਟੋ ਪ੍ਰਦਾਨ ਕਰਵਾ ਸਕਦੇ ਹੋ ਕਿ ਜਨਗਣਨਾ ਕਰਤਾਵਾਂ ਦਾ ਬੈਜ ਕਿਹੋ ਜਿਹਾ ਦਿਖਦਾ ਹੈ?**

- ਸੁਰੱਖਿਆ ਸ਼ੰਕਿਆਂ ਦੇ ਕਰਕੇ ਜਨਗਣਨਾ ਬਿਊਰੋ ਇਸ ਕਿਸਮ ਦੇ ਚਿੱਤਰ ਨੂੰ ਬਾਹਰੀ ਗਰੁੱਪਾਂ ਨਾਲ ਸਾਂਝਾ ਨਹੀਂ ਕਰਦੀ।
- ਹਾਲਾਂਕਿ, ਜਨਗਣਨਾ ਕਰਤਾ ਆਪਣੇ ਕੋਲ ਸ਼ਨਾਖਤੀ ਕਾਰਡ ਰੱਖਣਗੇ ਜਿਸ ਵਿੱਚ ਉਹਨਾਂ ਦਾ ਨਾਮ, ਉਹਨਾਂ ਦਾ ਫ਼ੋਟੋਗਰਾਫ਼, ਡਿਪਾਰਟਮੈਂਟ ਆਫ ਕਮਰਸ ਦਾ ਵਾਟਰਮਾਰਕ, ਅਤੇ ਮਿਆਦ ਸਮਾਪਤੀ ਦੀ ਤਾਰੀਖ਼ ਸ਼ਾਮਲ ਹੋਵੇਗੀ।
- ਤੁਸੀਂ ਇਹ ਜਾਂਚ ਕਰਨ ਲਈ 212-882-7100 'ਤੇ ਕਾਲ ਵੀ ਕਰ ਸਕਦੇ ਹੋ ਕਿ ਕੀ ਉਹ ਕੋਈ ਅਧਿਕਾਰਿਤ ਜਨਗਣਨਾ ਕਰਤਾ ਹਨ।

**ਇਹ ਪੁਸ਼ਟੀ ਕਰਨ ਲਈ ਕਿ ਦਰਵਾਜ਼ਾ ਖਟਖਟਾਉਣ ਵਾਲਾ ਸੱਚਮੁੱਚ ਜਨਗਣਨਾ ਕਰਤਾ ਹੀ ਹੈ, ਉਹ ਕਿਹੜਾ ਫ਼ੋਨ ਨੰਬਰ ਹੈ ਜਿਸ ਉੱਤੇ ਨਿਊ ਯਾਰਕ ਵਾਸੀਆਂ ਨੂੰ ਕਾਲ ਕਰਨਾ ਚਾਹੀਦਾ ਹੈ?**

- ਪਹਿਲਾਂ ਜਾਂਚ ਕਰੋ ਅਤੇ ਦੇਖੋ ਕਿ ਕੀ ਉਹਨਾਂ ਨੇ ਆਪਣਾ ਵੈਧ ਜਨਗਣਨਾ ਸ਼ਨਾਖਤੀ ਕਾਰਡ ਪਹਿਨਿਆ ਹੈ। ਫਿਰ 212-882-7100 'ਤੇ ਇਹ ਜਾਂਚ ਕਰਨ ਲਈ ਕਾਲ ਕਰੋ ਕਿ ਕੀ ਉਹ ਕੋਈ ਅਧਿਕਾਰਿਤ ਜਨਗਣਨਾ ਕਰਤਾ ਹਨ।

**ਜਿਹੜੇ ਲੋਕ ਸ਼ਰਣ ਤੋਂ ਬਾਹਰ ਰਹਿੰਦੇ ਹਨ ਅਤੇ ਬੇਘਰਤਾ (homelessness) ਦਾ ਸਾਹਮਣਾ ਕਰ ਰਹੇ ਹਨ, ਕੀ ਉਹਨਾਂ ਦੀ ਗਿਣਤੀ ਹੋਵੇਗੀ? ਕੀ ਇਸ ਤੱਥਸ਼ੀਟ ਦੇ ਮੁਤਾਬਿਕ ਇਸਦੀ ਸ਼ੁਰੂਆਤ 22 ਸਤੰਬਰ ਨੂੰ ਹੋਵੇਗੀ?**

- ਜਨਗਣਨਾ ਬਿਊਰੋ ਦਾ ਇਸ ਵਾਸਤੇ ਇੱਕ ਵਿਸ਼ੇਸ਼ ਆਪਰੇਸ਼ਨ ਹੈ। ਇਹ 22 ਸਤੰਬਰ ਤੋਂ 24 ਸਤੰਬਰ ਤੱਕ ਹੈ।

**ਕੀ ਜਨਗਣਨਾ ਕਰਤਾਵਾਂ ਦੀ ਸ਼ਮੂਲੀਅਤ ਦੇ ਬਾਵਜੂਦ, ਜਨਗਣਨਾ ਕਰਤਾਵਾਂ ਵੱਲੋਂ ਇਕੱਤਰ ਕੀਤੇ ਜਵਾਬ NYC ਦੀ "ਖੁਦ-ਜਵਾਬ" ("self-response") ਦੇਣ ਦੀ ਦਰ ਵਿੱਚ ਗਿਣੇ ਜਾਂਦੇ ਹਨ?**

- ਜਨਗਣਨਾ ਕਰਤਾਵਾਂ ਵੱਲੋਂ ਇਕੱਤਰ ਕੀਤੇ ਜਵਾਬ NYC ਦੀ ਆਬਾਦੀ ਦੀ ਗਿਣਤੀ ਵਿੱਚ ਗਿਣੇ ਜਾਣਗੇ, ਪਰ ਖੁਦ-ਜਵਾਬ ਦੇਣ ਦੀ ਦਰ ਵਿੱਚ ਨਹੀਂ ਗਿਣੇ ਜਾਣਗੇ।

**ਜੇ ਜਨਗਣਨਾ ਕਰਤਾ ਕਿਸੇ ਘਰ ਦੇ ਮੈਂਬਰਾਂ ਤੱਕ ਪਹੁੰਚ ਨਹੀਂ ਕਰ ਸਕਦੇ ਤਾਂ ਜੋ ਨੋਟ-ਕਥਨ ਉਹ ਛੱਡਕੇ ਜਾਣਗੇ ਤੁਸੀਂ ਉਸਦੀ ਇੱਕ ਕਾਪੀ ਪ੍ਰਦਾਨ ਕਰਾ ਸਕਦੇ ਹੋ?**

- ਕਿਰਪਾ ਕਰਕੇ ਫੇਰੀ ਦੇ ਨੋਟਿਸ ਦਾ ਇੱਕ ਨਮੂਨਾ ਏਥੇ ਦੇਖੋ।

**ਕੀ ਜ਼ਿਆਦਾਤਰ ਜਨਗਣਨਾ ਕਰਤਾ ਨਿਊ ਯਾਰਕ ਸ਼ਹਿਰ ਤੋਂ ਹੋਣਗੇ?**

- ਹਾਂ, NYC ਵਿੱਚ ਕੰਮ ਕਰਨ ਵਾਲੇ ਜ਼ਿਆਦਾਤਰ ਜਨਗਣਨਾ ਕਰਤਾ NYC ਵਿੱਚ ਰਹਿੰਦੇ ਹਨ।